Punjabi

ਐਮਰਜੈਂਸੀ ਸੇਵਾਵਾਂ Emergency Services

# ਛਾਤੀ ਦੀ ਟਿਊਬ ਨੂੰ ਹਟਾ ਦੇਣ ਤੋਂ ਬਾਅਦ
# After a Chest Tube is Removed

ਤੁਹਾਡੀ ਛਾਤੀ 'ਚ ਹਵਾ ਦੇ ਲੀਕ ਹੋਣ ਜਾਂ ਨਿਊਮੋਥੋਰੈਕਸ 'ਚੋਂ ਨਿੱਕਲਣ ਵਾਲੀ ਹਵਾ ਨੂੰ ਹਟਾਉਣ ਲਈ ਤੁਹਾਡੀ ਛਾਤੀ 'ਚ ਛਾਤੀ ਦੀ ਟਿਊਬ ਲਗਾਈ ਗਈ ਸੀ।

ਤੁਹਾਡਾ ਸਭ ਤੋਂ ਤਾਜ਼ਾ ਐਕਸ-ਰੇ ਦਰਸਾਉਂਦਾ ਹੈ ਕਿ ਹਵਾ ਨਿੱਕਲਣੀ ਰੁੱਕ ਗਈ ਹੈ ਅਤੇ ਤੁਹਾਡਾ ਫ਼ੇਫ਼ੜਾ ਸੁਭਾਵਿਕ ਹਾਲਤ 'ਚ ਆ ਗਿਆ ਹੈ। ਪਰ ਨਿਊਮੋਥੋਰੈਕਸ ਮੁੜ ਪਰਤ ਸਕਦਾ ਹੈ। ਅਤੇ ਭਵਿੱਖ 'ਚ ਵੀ ਤੁਹਾਨੂੰ ਨਿਊਮੋਥੋਰੈਕਸ ਹੋਣ ਦੀ ਸੰਭਾਵਨਾ ਹੋਰ ਜ਼ਿਆਦਾ ਹੈ।

## ਘਰ 'ਚ ਆਪਣੀ ਦੇਖਭਾਲ ਆਪ ਕਿਸ ਤਰ੍ਹਾਂ ਕਰੋ

- ਟਿਊਬ ਹਟਾਉਣ ਮਗਰੋਂ ਉਸ ਥਾਂ ਤੇ ਇੱਕ ਸਾਫ਼—ਸੁਥਰੀ ਅਤੇ ਸੁੱਕੀ ਪੱਟੀ 2-3 ਦਿਨਾਂ ਲਈ ਰੱਖੋ।
- ਜਦ ਮਲਮ-ਪੱਟੀ ਗਿੱਲੀ ਜਾਂ ਮੈਲੀ ਹੋ ਜਾਵੇ ਤਾਂ ਉਸ ਨੂੰ ਬਦਲ ਦਿਉ।
- ਲੰਮੇ ਸਾਹ ਲੈਣ ਵਾਲੀ ਵਰਜ਼ਸ਼ ਲਗਾਤਾਰ ਕਰਦੇ ਰਹੋ।

## ਤੁਹਾਡੀ ਸੁਰੱਖਿਆ ਲਈ

- ਛਾਤੀ ਦੀ ਟਿਊਬ ਹਟਾਉਣ ਮਗਰੋਂ 14 ਦਿਨ (2 ਹਫ਼ਤੇ) ਹਵਾਈ ਸਫ਼ਰ ਨਾ ਕਰੋ।
- ਜੇ ਤੁਸੀਂ ਭਵਿੱਖ 'ਚ ਇਹਨਾਂ ਸਰਗਰਮੀਆਂ 'ਚ ਹਿੱਸਾ ਲੈਣਾ ਚਾਹੁੰਦੇ ਹੋ ਤਾਂ ਆਪਣੇ ਫ਼ੈਮਿਲੀ ਡਾਕਟਰ ਨਾਲ ਗੱਲਬਾਤ ਕਰੋ
  - ਸਕੂਬਾ ਡਾਈਵਿੰਗ।
  - ਉੱਚੇ ਸਿਖਰਾਂ ਤੇ ਚੜ੍ਹਾਈ।

ਜੇ ਤੁਹਾਡੇ ਫ਼ੇਫ਼ੜੇ ਮੁੜ ਤੋਂ ਢੇਰ ਹ ਜਾਣ ਤਾਂ ਇਹ ਬਹੁਤ ਖ਼ਤਰਨਾਕ ਹੋ ਸਕਦਾ ਹੈ।

ਤੁਹਾਡੀ ਛਾਤੀ ਦੀ ਟਿਊਬ ਨੂੰ_____________ ਹਟਾਇਆ ਗਿਆ ਸੀ।

Your chest tube was removed on:

## ਮਦਦ ਕਦੋਂ ਹਾਸਲ ਕਰੋ

**ਆਪਣੇ ਫ਼ੈਮਿਲੀ ਡਾਕਟਰ ਨੂੰ ਮਿਲਣ ਲਈ ਪ੍ਰਬੰਧ ਕਰੋ ਜੇ:**

- ☐ ਤੁਹਾਡਾ ਜ਼ਖ਼ਮ ਲਾਲ ਹੈ, ਪੀਕ ਰਿਸ ਰਹੀ ਹੈ ( ਪੀਲੀ ਜਾਂ ਹਰੇ ਰੰਗ ਦੀ), ਜਾਂ ਉਸ ਵਿੱਚੋਂ ਬਦਬੂ ਆ ਰਹੀ ਹੈ।
- ☐ ਤੁਹਾਨੂੰ 38.5° ਸ (101.3° ਫ਼) ਤੋਂ ਵੱਧ ਬੁਖਾਰ ਹੈ ।

## ਸਭ ਤੋਂ ਨੇੜਲੇ ਐਮਰਜੈਂਸੀ ਡਿਪਾਰਟਮੈਂਟ ਜਾਓ ਜੇ:

- ☐ ਤੁਹਾਨੂੰ ਸਾਹ ਲੈਣ 'ਚ ਮੁਸ਼ਕਲ ਹੋ ਰਹੀ ਹੈ।
- ☐ ਤੁਹਾਨੂੰ ਛਾਤੀ 'ਚ ਪੀੜ ਹੋ ਰਹੀ ਹੈ।
- ☐ ਤੁਹਾਡੀ ਛਾਤੀ 'ਤੇ ਲੱਗੀ ਪੱਟੀ 'ਚੋਂ ਖ਼ੂਨ ਵਗ ਰਿਹਾ ਹੈ।

ਐਮਰਜੈਂਸੀ 'ਚ ਡਾਕਟਰ ਅਤ ਨਰਸ ਨੂੰ ਦੱਸੋ ਕਿ ਤੁਹਾਡੇ ਫ਼ੇਫ਼ੜੇ ਪਹਿਲਾਂ ਵੀ ਢੇਰ ਹ ਚੁੱਕੇ ਹਨ ਅਤੇ ਛਾਤੀ ਦੀ ਟਿਊਬ ਪਹਿਲਾਂ ਵੀ ਲਗਾਈ ਗਈ ਸੀ।

## ਹੋਰ ਜਾਣਨ ਲਈ, ਇਹਨਾਂ ਨੂੰ ਪੁੱਛਣਾ ਚੰਗਾ ਹੈ:

- ਤੁਹਾਡਾ ਫ਼ੈਮਿਲੀ ਡਾਕਟਰ
- ਹੈਲਥ ਲਿੰਕ ਬੀਸੀ — 8-1-1 ਤੇ ਕਾਲ ਕਰੋ (ਬੋਲੇ ਜਾਂ ਘੱਟ ਸੁਣਨ ਵਾਲਿਆਂ ਲਈ 7-1-1) ਜਾਂ ਆੱਨਲਾਈਨ ਜਾਓ: www.HealthLinkBC.ca



ਇਹ ਜਾਣਕਾਰੀ ਤੁਹਾਡੇ ਹੈਲਥ ਕੇਅਰ ਪ੍ਰੋਵਾਈਡਰ ਦੁਆਰਾ ਦਿੱਤੀ ਗਈ ਸਲਾਹ ਦਾ ਬਦਲ ਨਹੀਂ ਹੈ।

Print Shop #264241 (October 2013) Punjabi